# ਇੱਕ ਗੁਲਾਮ ਕੁੜੀ ਨੇ ਆਪਣੇ ਗੈਰ ਕੌਮ (ਸਮਾਜ) ਦੇ ਮਾਲਿਕ ਦੀ ਮੱਦਦ ਕੀਤੀ

ਬੱਚਿਆਂ ਨੂੰ ਸਿਖਾਉ, ਕਿ ਉਹ ਸਾਡੇ ਤੋ ਵੇਖ ਲੋਕਾ ਨੂੰ ਵੀ ਪਿਆਰ ਕਰਨ।

**ਪ੍ਰਾਥਨਾ:**– ''ਪਿਆਰੇ ਪਰਮੇਸ਼ਵਰ, ਬੇਨਤੀ ਕਰਕੇ ਇਸ ਪੜ੍ਹਾਈ ਨੂੰ ਬੱਚਿਆਂ ਦੀ ਮੱਦਦ ਲਈ ਇਸਤਮਾਲ ਕਰੋ ਕਿ ਉਨ੍ਹਾਂ ਲੋਕਾਂ ਨੂੰ ਜਿਹੜੇ ਸਾਡੇ ਤੋਂ ਵੱਖ ਹਨ ਪਿਆਰ ਕਰਨ, ਜਿਹੜੇ ਅੰਨੇ ਹਨ, ਭੋਲੇ, ਅਤੇ ਦੂਜੇ ਸਮਾਜ ਦੇ ਹਨ।''

ਇਹੋ ਜਿਹੀਆਂ ਸਿੱਖਣ ਵਾਲੀਆਂ ਗਤੀ – ਵਿਧੀਆਂ ਚੁਣੋ ਜਿਹੜੀਆਂ ਬੱਚਿਆਂ ਦੀ ਉੱਮਰ ਤੇ ਸਮਝ ਦੀ ਸ਼ਕਤੀ ਦੀ ਜ਼ਰੂਰਤ ਦੇ ਅਨੁਸਾਰ ਹਨ।

2 ਰਾਜਾ 5:1-16 ਵਿੱਚੋ ਪੜ੍ਹ ਕੇ ਨਮਾਨ, ਪ੍ਰਾਚੀਨ ਅਰਮਾਨੀਆ (ਸੀਰੀਆਂ) ਦਾ ਫੌਜ ਦਾ ਸੈਨਾਪਤੀ ਸੀ, ਜਿਹਨੂੰ ਕੋੜ ਸੀ, ਨੂੰ ਕਿਵੇ ਇੱਕ ਛੋਟੀ ਕੁੜੀ ਨੇ ਆਪਣੇ ਮਾਲਿਕ ਦੀ ਮੱਦਦ ਪਰਮੇਸ਼ਵਰ ਦੇ ਪਿਆਰ ਨੂੰ ਖੋਜਣ ਵਿੱਚ ਕੀਤੀ।

ਇੱਕ ਵੱਡਾ ਬੱਚਾ ਉਹਦੇ ਬਾਰੇ ਪੜ੍ਹੇ ਜਾਂ ਇਸ ਕਹਾਣੀ ਨੂੰ ਯਾਦ ਕਰਕੇ ਫਿਰ ਇਨ੍ਹਾਂ ਪ੍ਰਸ਼ਨਾ ਨੂੰ ਪੁੱਛੇ। *(ਉੱਤੱਰ ਹਰੇਕ ਪ੍ਰਸ਼ਨ ਦੇ ਬਾਦ ਹੈ)*



- ਨਮਾਨ ਕਿਸ ਤਰ੍ਹਾਂ ਦਾ ਮਨੁੱਖ ਸੀ ਅਤੇ ਉਹਨੂੰ ਕਿਸ ਤਰਾ ਦੀ ਬਿਮਾਰੀ ਸੀ? *(ਆਇਤ 1 ਦੇਖੋ)*
- ਕਿਉ ਇੱਕ ਇਸਰਏਲੀ ਕੁੜੀ ਅਰਾਮੀ ਪਰਿਵਾਰ ਵਿੱਚ ਰਹਿੰਦੀ ਸੀ? *(ਆਇਤ 2 ਦੇਖੋ)*
- ਕੁੜੀ ਨੇ ਕਿਸ ਤਰ੍ਹਾਂ ਆਪਣੇ ਮਾਲਿਕ ਲਈ ਪਿਆਰ ਦਿਖਾਇਆ, ਜਦੋ ਕਿ ਉਹ ਇੱਕ ਗੁਲਾਮ ਸੀ? *(ਆਇਤ 3)*
- ਅਲੀਸ਼ਾ ਨੇ ਨਮਾਨ ਨੂੰ ਚੰਗਾ ਹੋਣ ਵਾਸਤੇ ਕੀ ਕਰਨ ਦਾ ਨਿਰਦੇਸ਼ ਦਿੱਤਾ? *(ਆਇਤ 10)*
- ਨਮਾਨ ਨੇ ਅਲੀਸ਼ਾ ਦੇ ਨਿਰਦੇਸ਼ਾ ਬਾਰੇ ਕੀ ਮਹਿਸੂਸ ਕੀਤਾ? *(ਆਇਤ 11)*
- ਨਮਾਨ ਅਲੀਸ਼ਾ ਤੋ ਕਿਸ ਤਰ੍ਹਾਂ ਦੇ ਸਲੂਕ ਦੀ ਇੱਛਾ ਕਰਦਾ ਸੀ? (ਆਇਤ 11 : ਉਹ ਸੋਚਦਾ ਸੀ ਕਿ ਅਲੀਸਾ ਕੋਈ ਖਾਸ ਪ੍ਰਭਾਵ ਪਾਉਣ ਵਾਲਾ, ਚਮਤਕਾਰ ਕਰੇ ਗਾ ਕਿਉਕਿ ਨਮਾਨ ਇੱਕ ਅਮੀਰ ਅਤੇ ਖਾਸ ਜਿੰਨ੍ਹਾਂ ਸੀ)
- ਕਿਸਨੇ ਨਮਾਨ ਨੂੰ ਨਬੀ ਦੇ ਨਿਰਦੇਸ਼ਾ ਨੂੰ ਮੰਨਣ ਵਾਸਤੇ ਕਿਹਾ? *(ਆਇਤ 13)*
- ਅਲੀਸ਼ਾ ਨੇ ਨਮਾਨ ਨੂੰ ਚੰਗਾ ਕਰਨ ਵਾਸਤੇ ਪੈਸੇ ਕਿਉ ਨਹੀ ਲਏ? (ਆਇਤ 16 ਅਲੀਸ਼ਾ ਚਾਹੁੰਦਾ ਸੀ ਕਿ ਨਮਾਨ ਇਸ ਨੂੰ ਸਮਝੇ ਕਿ ਉਹ ਆਪਣੀ ਅਮੀਰੀ ਜਾਂ ਕੋਈ ਖਾਸ ਹੋਣ ਕਰਕੇ ਚੰਗਾ ਨਹੀ ਹੋਇਆ। ਬਲਕਿ ਇਸ ਵਾਸਤੇ ਕਿ ਉਸ ਨੇ ਪਰਮੇਸ਼ਵਰ ਤੇ ਉੱਤੇ ਵਿਸ਼ਵਾਸ ਰੱਖਿਆ ਅਤੇ ਉਹਦਾ ਅਗਿਆਕਾਰੀ ਬਣਿਆਂ ਸੀ)

ਨਮਾਨ ਦੇ ਚੰਗੇ ਹੋਣ ਦੀ ਕਹਾਣੀ ਦਾ ਨਾਟਕ ਕਰੋ। ਜੇਕਰ ਤੁਸੀ ਚਾਹੋ ਤਾ ਕੁਝ ਹਿੱਸੇ ਹੀ ਕਰੋ।

- ਮੁੱਖ ਕਲੀਸੀਆਂ ਦੀ ਅਰਾਧਨਾ ਦੇ ਆਗੂਵੇ ਨਾਲ ਮਿਲ ਕੇ ਬੱਚਿਆਂ ਨੂੰ ਇਹ ਨਾਟਕ ਪੇਸ਼ ਕਰਨ ਦੀ ਤਿਆਰੀ ਕਰੋ।
- ਵੱਡੇ ਬੱਚੇ ਛੋਟਿਆਂ ਦੀ ਤਿਆਰੀ ਵਿੱਚ ਮੱਦਦ ਕਰਣ।
- ਵੱਡੇ ਬੱਚੇ ਜਾ ਬਾਲਿਗਾਂ ਨੂੰ ਇਹ ਹਿੱਸੇ ਕਰਣ ਲਈ ਦਿਉ।

ਕੁੜੀ, ਪਤਨੀ, ਨਮਾਨ, ਗੇਰ ਜੀ, ਇਸਰਏਲ ਦਾ ਰਾਜਾ ਅਲੀਸਾ ਅਤੇ ਵਾਚਕ। ਨਮਾਨ ਇੱਕ ਕਾਗਜ ਦਾ ਟੁੱਕੜਾ ਫੜ ਕੇ ਰੱਖੇ।

- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ, ਨਮਾਨ ਦੇ ਸੇਵਕ।

**ਵਾਚਕ** :- 2 ਰਾਜਾ 5:1-6 ਵਿੱਚ ਕਹਾਣੀ ਦੱਸੋ। ਫਿਰ ਆਖੋ ''ਸੁਣੋ ਸੁਣੋ ਸੇਵਕ ਕੁੜੀ ਨਮਾਨ ਦੀ ਪਤਨੀ ਨੂੰ ਕੀ ਆਖਦੀ ਹੈ।''

**ਕੁੜੀ** :- ''ਮਾਲਕਿਣ, ਮੇਰਾ ਮਾਲਕ, ਨਮਾਨ, ਉਹ ਉਦਾਸ ਹੈ ਕਿਉਕਿ ਉਹਨੂੰ ਕੋੜ ਹੈ। ਮੈ ਉਹਦੀ ਮੱਦਦ ਕਰ ਸਕਦੀ ਹਾਂ।
**ਬੇਨਤੀ** :- ਕਰਕੇ ਉਹਨੂੰ ਕਹੋ ਕਿ ਉਹ ਇਸਰਾਏਲ ਜਾ ਕੇ ਪਰਮੇਸ਼ਵਰ ਦੇ ਨਬੀ ਨੂੰ ਮਿਲੇ।''

**ਪਤਨੀ**:- ਨਮਾਨ ਕੋਲ ਜਾਵੇ ਤੇ ਆਖੇ, ''ਪਤੀ ਦੇਵ, ਤੂੰ ਹਰੇਕ ਚੀਜ ਦੀ ਕੋਸ਼ਿਸ਼ ਕਰਕੇ ਵੇਖ ਲਈ।ਹੁਣ ਇਸਰਏਲ ਜਾ ਕੇ ਨਬੀ ਨੂੰ ਲੱਭ, ਹੋ ਸਕਦਾ ਹੈ, ਉਹ ਤੈਨੂੰ ਚੰਗਾ ਕਰ ਦੇਵੇ।''

**ਨਮਾਨ** :- ਮੈ ਆਪਣੇ ਅਰਾਮ ਦੇ ਰਾਜਾ ਨੂੰ ਆਖਾਂਗ ਕਿ ਉਹ ਇੱਕ ਬੇਨਤੀ ਨਾਲ ਖਤ (ਚਿੱਠੀ) ਭੇਜ ਦੇਵੇ, (ਆਪਣੇ ਸੇਵਕਾਂ ਨਾਲ ਰਾਜੇ ਕੋਲ ਜਾਉ, ਝੁਕ ਕੇ ਉਹਨੂੰ ਇਕ ਕਾਗਜ ਉਹ ਹੱਥ ਵਿੱਚ ਦਿੰਦਾ ਹੈ) ਆਖੋ, ''ਇਸਰਏਲ ਦੇ ਮਹਾਨ ਰਾਜਾ ਕਿਰਪਾ ਕਰਕੇ ਇਸ ਬੇਨਤੀ ਦੀ ਚਿੱਠੀ ਨੂੰ ਪੜ੍ਹੋ ਜਿਹੜੀ ਮੇਰੇ ਰਾਜਾ ਅਰਾਮ ਵੱਲੋ ਹੈ। ਅਤੇ ਮੈਨੂੰ ਦੱਸੋ, ਉਹ ਨਬੀ ਕਿੱਥੇ ਹੈ, ਉਹ ਜਿਹੜਾ ਮੇਰੇ ਕੋੜ ਨੂੰ ਚੰਗਾ ਕਰ ਸਕਦਾ ਹੈ।''

**ਇਸਰਏਲ ਦਾ ਰਾਜਾ**:- ''ਕੀ ਮੈ ਪਰਮੇਸ਼ਵਰ ਹਾਂ?, ਜਿਹੜਾ ਕਿ ਕੋੜ ਠੀਕ ਕਰ ਸਕਦਾ ਹੈ? ਤੇਰਾ ਰਾਜਾ ਜਰੂਰ ਕੋਈ ਸਾਡੇ ਨਾਲ ਲੜਾਈ ਦਾ ਕਾਰਣ ਲਭ ਰਿਹਾ ਹੈ।''

**ਨਮਾਨ ਅਤੇ ਪਰਮੇਸ਼ਵਰ,** ਉਦਾਸ ਨਾਲ ਸਿਰ ਹੇਠਾਂ ਕਰਕੇ ਤੁਰ ਜਾਂਦੇ ਹਨ, ਸੇਵਕ ਇਸ ਤਰਾ ਚੀਜ਼ਾਂ ਬਾਰੇ ਕਹੇ, ''ਕਿੰਨ੍ਹਾਂ ਦੁਖੀ।'' ''ਕੋਈ ਵੀ ਇਸ ਬੁਰੀ ਬਿਮਾਰੀ ਨੂੰ ਠੀਕ ਨਹੀ ਕਰ ਸਕਦਾ।''

**ਗੇਹਜੀ** :- ਨਮਾਨ ਕੋਲ ਜਾਂਦਾ ਹੈ ਅਤੇ ਝੁਕ ਕੇ ਨਮਸਕਾਰ ਕਰਦਾ ਹੈ ''ਸੈਨਾਪਤੀ ਨਮਾਨ, ਮੇਰਾ ਮਾਲਿਕ ਅਲੀਸ਼ਾ ਇਕ ਨਬੀ, ਉਹ ਤੈਨੂੰ ਇੱਕੋ ਸੱਚੇ ਪਰਮੇਸ਼ਵਰ ਦੀ ਸ਼ਕਤੀ ਵਿਖਾਵੇਗਾ। ਆਉ ਅਤੇ ਉਹਨੂੰ ਵੇਖੋ।''

**ਨਮਾਨ**:- ''ਆਪਣੇ ਸੇਵਕਾਂ ਨੂੰ ਆਖਦਾ ਹੈ, ਹੁਣ ਅਸੀ ਕਿਸੇ ਇਹੋ ਜਿਹੇ ਨੂੰ ਮਿਲਾਗੇ ਜਿਹੜਾ ਬੜੀਆਂ ਸ਼ਕਤੀਆਂ ਦਾ ਇਸਤੇ ਮਾਲ ਕਰਦਾ ਹੈ, ਕਿਉਕਿ ਮੈ ਇੱਕ ਬੜਾ ਸ਼ਕਤੀਸ਼ਾਲੀ ਬੰਦਾ ਹਾਂ ਅਤੇ ਮੈ ਇਹਦੇ ਵਾਸਤੇ ਬੜਾ ਪੈਸਾ ਦੇ ਸਕਦਾ ਹਾਂ।''

**ਗੇਹਜੀ**:- ਨਾਮਾਨ ਮੇਰੇ ਮਾਲਿਕ ਨੇ ਕਿਹਾ ਹੈ ਕਿ ਤੂੰ ਜਾਕੇ ਯਰਦਨ ਦੇ ਦਰਿਆ ਵਿੱਚ ਸੱਤ ਵਾਰ ਡੁੱਬਕੀ ਮਾਰ ਕੇ ਨਹਾ।

**ਨਮਾਨ**:- (ਗੁੱਸੇ ਨਾਲ) ''ਨਹੀ! ਮੈ ਇਸ ਮਿੱਟੀ ਵਾਲੇ ਪਾਣੀ ਵਿੱਚ ਨਹੀ ਨਹਾਂਵਾਗਾਂ। ਸਾਡੇ ਦਰਿਆਂ ਤੇ ਬੜੇ ਸਾਫ ਹਨ।''

**ਸੇਵਕ**:- ਇਸ ਤਰਾ ਆਖਣ, ''ਜੇ ਉਹ ਕੋਈ ਔਖਾ ਕੰਮ ਕਰਨ ਲਈ ਆਖਦਾ, ਕੀ ਤੂੰ ਉਹ ਨਾ ਕਰਦਾ। ਬੇਨਤੀ ਕਰਕੇ ਜਾਂ'' ''ਕਿਰਪਾ ਕਰਕੇ ਜਿਹੜਾ ਪਰਮੇਸ਼ਵਰ ਦੇ ਨਬੀ ਨੇ ਕਰਨ ਲਈ ਕਿਹਾ, ਉਹ ਕਰ।''

**ਨਮਾਨ**:- ''ਇਸ ਤਰ੍ਹਾਂ ਦਿਖਾਵੇ ਜਿਵੇ ਦਰਿਆ ਵਿੱਚ ਸੱਤ ਵਾਰ ਨਹਾ ਰਿਹਾ ਹੈ।

**ਸੇਵਕ**: ਇਸ ਤਰ੍ਹਾਂ ਆਖਣ, ''ਵੇਖੋ ! ਉਹਦਾ ਕੋੜ ਚੱਲਿਆ ਗਿਆ। ਉਹ ਚੰਗਾ ਹੋ ਗਿਆ।''

**ਨਮਾਨ**: ਅਲੀਸ਼ਾ ਕੋਲ ਜਾਵੇ ਤੇ ਆਖੇ, ''ਮੈ ਇਸ ਮਹਾਨ ਚਮਤਕਾਰ ਵਾਸਤੇ ਤੈਨੂੰ ਕੁਝ ਕੀਮਤ ਦੇਣਾ ਚਾਹੁੰਦਾ ਹਾਂ।''

**ਅਲੀਸ਼ਾ**:- ''ਨਹੀ! ਪਰਮੇਸ਼ਵਰ ਨੂੰ ਪੈਸੇ ਦੀ ਲੋੜ ਨਹੀ ਹੈ। ਉਸਨੇ ਤੈਨੂੰ ਚੰਗਾ ਕੀਤਾ, ਕਿ ਉਹ ਦਿਖਾਵੇ ਕਿ ਸਿਰਫ ਉਹ ਹੀ ਇੱਕ ਹੈ, ਇੱਕ ਸੱਚਾ ਪਰਮੇਸ਼ਵਰ।''

**ਨਮਾਨ** :- ਕੁੜੀ ਕੋਲ ਜਾਵੇ, ਤੇ ਝੁਕ ਕੇ ਆਖੇ, ਧੰਨਵਾਦ ਤੇਰਾ ਛੋਟੀ ਕੁੜੀ, ਇੱਕ ਸੱਚੇ ਪਰਮੇਸ਼ਵਰ ਨੂੰ ਜਾਣਨ ਵਿੱਚ ਮੇਰੀ ਮੱਦਦ ਕੀਤੀ, ਤੂੰ ਮੇਰੀ ਪਰਵਾਹ ਕੀਤੀ, ਹਾਲੇ ਤੇ ਮੈ ਤੈਨੂੰ ਤੇਰੇ ਦੇਸ਼ ਵਿੱਚ ਬਣਾ ਕੇ ਲੈ ਕੇ ਆਇਆਂ ਸੀ।''

**ਵਾਚਕ**:- ਉਨ੍ਹਾ ਸਭਨਾ ਦਾ ਧੰਨਵਾਦ ਕਰੋ, ਜਿਹਨਾਂ ਨੇ ਇਸ ਨਾਟਕ, ਵਿੱਚ ਮੱਦਦ ਕੀਤੀ। ਅਤੇ ਬਾਲਿਗਾ ਦਾ ਸੁਣਨ ਵਾਸਤੇ ਧੰਨਵਾਦ ਕਰੇ!

**ਪ੍ਰਸ਼ਨ**:- ਜੇਕਰ ਬੱਚੇ ਇਸ ਕਹਾਣੀ ਦਾ ਨਾਟਕ ਬਾਲਿਗਾਂ ਲਈ ਪੇਸ਼ ਕਰਨਾ ਚਾਹੁੰਦੇ ਹਨ ਤਾਂ ਉਹ ਬਾਲਿਗਾਂ ਕੋਲ ਉੱਤੇ ਦਿੱਤੇ ਗਏ ਪ੍ਰਸ਼ਨਾ ਨੂੰ ਪੁੱਛਣ।

**ਤਸਵੀਰ**:- ਬੱਚੇ ਨਦੀ ਵਿੱਚ ਖੜੇ ਆਦਮੀ ਦੀ ਤਸਵੀਰ ਨਕਲ ਕਰਕੇ ਬਣਾਉਣ।

- ਬੱਚੇ ਇਹ ਤਸਵੀਰ ਬਾਲਿਗਾਂ ਦੀ ਅਰਾਧਨਾ ਵੇਲੇ ਦਿਖਾਣ।
- ਉਨ੍ਹਾਂ ਨੂੰ ਇਹ ਸਮਝਾਉ ਕਿ ਇਹ ਦਿਖਾਦਾ ਹੈ, ਕਿ ਪਰਮੇਸ਼ਵਰ ਬੱਚਿਆਂ ਦੇ ਪਿਆਰ ਨੂੰ ਇਸਤੇਮਾਲ ਕਰਕੇ ਲੋਕਾਂ ਦੀ

ਮੱਦਦ ਕਰਦਾ ਹੈ, ਕਿ ਉਹ ਜਾਣਨ ਕਿ ਉਹ ਹੀ ਚੰਗਾਈ ਦਿੰਦਾ ਹੈ, ਅਤੇ ਪਾਪਾਂ ਤੋ ਮਾਫੀ ਵੀ।

**ਸਲਾਹ ਮਸ਼ਵਰਾ:**- ਬੱਚੇ ਉਨ੍ਹਾਂ ਲੋਕਾਂ ਦੇ ਉਦਾਹਰਣ ਦੇਣ ਜਿਹੜੇ ਸਾਡੇ ਤੋਂ ਵੱਖ ਹਨ। ਜਿਨ੍ਹਾਂ ਨੂੰ ਅਸ਼ੀ ਪਿਆਰ ਅਤੇ ਉਨ੍ਹਾਂ ਦੀ ਸੇਵਾ ਕਰ ਸਕਦੇ ਹਾਂ।

**ਕਵਿਤਾ:**- ਤਿੰਨ ਬੱਚੇ ਲੈਕੇ ਹਰੇਕ ਬੱਚਾ 2 ਆਇਤਾਂ ਦੁਹਰਾਉ ਹੋਏ ਅਯੂਬ 42:1-6 ਵਿੱਚ।

ਵੱਡੇ ਬੱਚੇ ਕਵਿਤਾ, ਜਾ ਗੀਤ, ਜਾ ਜਬੂੰਰਾ 67 ਦੇ ਵਚਨਾਂ ਜਾਂ ਵਿਚਾਰਾਂ ਵਿੱਚੋ, ਪਰਮੇਸ਼ਵਰ ਸਾਰੇ ਦੇਸ਼ਾ ਦੇ ਲੋਕਾ ਨੂੰ ਪਿਆਰ ਕਰਦਾ ਹੈ, ਬਾਰੇ ਵਿੱਚ ਲਿਖਣ। ਉਹ ਇਹਨੂੰ ਹਫਤੇ ਵਿੱਚ ਵੀ ਕਰ ਸਕਦੇ ਹਨ।

ਯਾਦ ਕਰੋ ਜਬੂੰਰਾ ਦੀ ਪੋਥੀ 67:2-3

**ਪ੍ਰਾਥਨਾ:**- ਪਿਆਰੇ ਪਰਮੇਸ਼ਵਰ, ਜਿਹੜੇ ਲੋਕ ਸਾਡੇ ਤੋ ਵੱਖ ਹਨ ਉਨ੍ਹਾਂ ਨਾਲ ਪਿਆਰ ਕਰਨ ਵਿੱਚ ਸਾਡੀ ਮੱਦਦ ਕਰੋ। ਸਾਡੀ ਸਹਾਇਤਾ ਕਰੋ ਕਿ ਅਸੀ ਅੰਨਿਆਂ, ਭੋਲਿਆਂ ਹੋਰ ਸਮਾਜਾ ਦੇ ਝੁਡਾਂ ਅਤੇ ਧਰਮਾਂ ਨਾਲ ਪਿਆਰ ਕਰੀਏ।''

Copyright 2004 © by Paul-Timothy. May be freely copied. Download from www.Paul-Timothy.net